**ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।**
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/40%/ 13729 ਮਿਤੀ/ 26-10-18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੀ ਲੋੜੀਂਦੀ ਸਬਸਿਡੀ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ,ਜਲੰਧਰ ਵੱਲੋ ਆਪਣੇ ਪੱਤਰ ਨੰਬਰ/ਐਸ.ਏ/1432 ਮਿਤੀ 25-10-18 ਰਾਹੀ ਵੱਲੋ ਸਰਕਲ ਦੀਆਂ 1 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾ ਵੱਲੋ In-Situ Management of Crop Residue ਸਕੀਮ ਤਹਿਤ ਖਰੀਦੇ ਗਏ 1 ਸੰਦ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ। ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 1 ਸਭਾ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 1 ਸੰਦ ਦੀ ਸਬਸਿਡੀ ਦੀ ਕੁੱਲ ਰਕਮ ਮੁਬ: 1,60,000/- (ਇੱਕ ਲੱਖ ਸੱਠ ਹਜਾਰ) ਰੁਪੈ ਬਣਦੀ ਹੈ। ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸੰਯੁਕਤ ਰਜਿਸਟਰਾਰ(1)

ਪਿੱਠ ਅੰਕਣ ਨੰ:ਰਸਸ/ਰਿਣ-1/ 13730-31 ਮਿਤੀ/ 26-10-18

ਉਪਰੋਕਤ ਦਾ ਉਤਾਰਾ:-

1. ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ, ਜਲੰਧਰ ਨੂੰ ਉਨਾਂ ਦੇ ਪੱਤਰ ਨੰਬਰ/ 1432 ਮਿਤੀ 25-10-18 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ।

2 ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਇੰਨਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਰਜਿਸਟਰਾਰ(1)

ਨੰਬਰ/ ਪਲਾਨ ਸਹਾਇਕ / ਸੰ.ਰ.ਜ / 1572 ਮਿਤੀ 25/10/18

ਵਲੋਂ

ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ ।

ਸੇਵਾ ਵਿਖੇ

ਰਜਿਸਟਰਾਰ
ਸਹਿਕਾਰੀ ਸਭਾਵਾਂ ਪੰਜਾਬ
ਚੰਡੀਗੜ੍ਹ ।(ਰਿਣ-1 ਸ਼ਾਖਾ)

RKVY Scheme

ਵਿਸ਼ਾ :- **ਪ੍ਰਾਇਮਰੀ ਖੇਤੀਬਾੜੀ / ਬਹੁਮੰਤਵੀ ਸਹਿਕਾਰੀ ਸਭਾਵਾਂ ਵਲੋਂ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦਾ ਦੇ ਕਲੇਮ ਕੇਸ ਭੇਜਣ ਸੰਬੰਧੀ ।**

ਯਾਦ ਪੱਤਰ :-

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਆਪ ਜੀ ਦੇ ਦਫਤਰ ਦੇ ਮੀਮੋ ਨੰਬਰ / ਰਸਸ / ਰਿਣ-1 /ਸੀਏ-2/582 ਮਿਤੀ 26/07/2018 ਰਾਹੀ ਇਸ ਡਵੀਜਨ ਦੀਆਂ ਪ੍ਰਾਇਮਰੀ ਖੇਤੀਬਾੜੀ / ਬਹੁਮੰਤਵੀ ਸਹਿਕਾਰੀ ਸਭਾਵਾਂ ਨੂੰ 40% ਸਬਸਿਡੀ ਤਹਿਤ ਸੰਦ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ ।ਜਿਸ ਦੇ ਤਹਿਤ ਜਿਲ੍ਹਾ ਅੰਮ੍ਰਿਤਸਰ ਦੀ 01 ਸਭਾ ਦੇ 01 ਸੰਦ ਦੀ ਖਰੀਦ ਕਰਨ ਉਪਰੰਤ ਮੁਬਲਗ 4,00,000/- ਰੂਪੈ ਸਬਸਿਡੀ ਦੇ ਕੇਸ ਤਿਆਰ ਕਰਕੇ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਅਮ੍ਰਿਤਸਰ ਜੀ ਵਲੋਂ ਇਸ ਦਫਤਰ ਨੂੰ ਭੇਜੇ ਗਏ ਹਨ , ਜੋ ਕਿ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾਂ ਹੈ ਕਿ ਇਹਨਾਂ ਕੇਸਾਂ ਵਿਚ ਹਦਾਇਤਾਂ ਅਨੁਸਾਰ ਬਣਦੀ ਸਬਸਿਡੀ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇਜੀ ।

ਨੱਥੀ :- ਉਕਤ ਅਨੁਸਾਰ ਸਬਸਿਡੀ ਕੇਸ

ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ

## ਸਬਸਿਡੀ ਦੇ ਕੇਸਾਂ ਸਬੰਧੀ ਵੇਰਵਾ ਸਰਕਲ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ

| ਲੜੀ ਨੰ: | ਸਭਾ ਦਾ ਨਾਮ | ਸੰਦਾਂ ਦੇ ਨਾਮ (ਬਿਲ ਨੰਬਰ ਤੇ ਮਿਤੀ | | | | | ਖੇਤੀਬਾੜੀ/ ਭਾਰਤ ਸਰਕਾਰ ਵੱਲੋਂ ਨਿਰਧਾਰਤ ਕੀਮਤ | ਸਭਾ ਵੱਲੋਂ ਖਰੀਦ ਕੀਤੇ ਸੰਦਾਂ ਦੀ ਕੀਮਤ (ਪੂਰੀ ਸੰਦ) | ਕੁੱਲ ਕੀਮਤ | 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਲਾਭਪਾਤਰੀ/ ਫਰਮ ਦਾ ਨਾਮ | ਖਾਤਾ ਨੰਬਰ | ਆਈ.ਐਫ.ਐਸ.ਸੀ ਕੋਡ | ਬੈਂਕ ਅਤੇ ਸ਼ਾਖਾ ਦਾ ਨਾਮ |
|---|---|---|---|---|---|---|---|---|---|---|---|---|---|---|
| | | ਸੰਦਾਂ ਦੇ ਨਾਮ | ਬਿਲ ਨੰਬਰ | ਮਿਤੀ | ਪ੍ਰਵਾਨਤ ਮੈਨੂਫੈਕਚਰ/ ਡੀਲਰ ਦਾ ਨਾਮ | ਸੰਦਾਂ ਦੀ ਗਿਣਤੀ | | | | | | | | |
| 1 | ਬੰਡਾਲਾ ਜੱਟਾਂ ਬਹੁਮੰਤਵੀ ਸਹਿਕਾਰੀ ਸਭਾ ਲਿਮ: | ਲੇਜ਼ਰ ਲੈਂਡ ਲੈਵਲਰ ਡਬਲ ਟਾਇਰ 7 ਫੁੱਟ ਬਕਟ | 82 | 09/12/2018 | ਪ੍ਰੀਸੀਜ਼ਨ ਕਲਟੀਵੇਸ਼ਨ ਟੈਕਨ ਪ੍ਰਾਈਵੇਟ ਲਿਮ./ਗੁਰੂ ਅਮਰਦਾਸ ਐਗਰੋਟੈਕ | 1 | 400000 | 400000 | 400000 | 160000 | ਗੁਰੂ ਅਮਰਦਾਸ ਐਗਰੋ ਟੈਕਨਾਲਜੀ | 1188002100001947 | PUNB0118800 | ਪੰਜਾਬ ਨੈਸ਼ਨਲ ਬੈਂਕ ਬਾਸਰਕੇ ਗਿੱਲਾਂ |
| | | | | | | **1** | **400000** | **400000** | **400000** | **160000** | | | | |